

ਸਰਕਾਰੀ ਨਹਿਰੂ ਮੈਮੋਰੀਅਲ ਕਾਲਜ ਮਾਨਸਾ 'ਚ ਆਰਓ ਦਾ ਉਦਘਾਟਨ ਕਰਦੇ ਹੋਏ ਕਾਲਜ ਪ੍ਰਿੰਸੀਪਲ ਡਾ. ਸਿਮਰਤ ਕੌਰ। ਪੰਜਾਬੀ ਜਾਗਰਣ

# ਕਾਲਜ ਪ੍ਰਿੰਸੀਪਲ ਸਿਮਰਤ ਕੌਰ ਨੇ ਕੀਤਾ ਆਰਓ ਦਾ ਉਦਘਾਟਨ

**ਪੱਤਰ ਪ੍ਰੇਰਕ, ਮਾਨਸਾ :** ਤਲਵੰਡੀ ਸਾਬੋ ਪਾਵਰ ਲਿਮਿਟਡ ਵੱਲੋਂ ਸਥਾਨਕ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ 'ਚ ਵਿਦਿਆਰਥੀਆਂ ਦੇ ਪੀਣ ਲਈ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਇਕ ਆਰਓ ਭੇਟ ਕੀਤਾ ਗਿਆ, ਜਿਸ ਦਾ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਡਾ. ਸਿਮਰਤ ਕੌਰ ਨੇ ਕੀਤਾ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਕਾਲਜ 'ਚ ਵਿਦਿਆਰਥੀਆਂ ਲਈ ਸਾਫ ਪਾਣੀ ਦੀ ਬੜੇ ਹੀ ਚਿਰ ਤੋਂ ਸਮੱਸਿਆ ਲਟਕਦੀ ਆ ਰਹੀ ਸੀ ਜੋ ਅੱਜ ਕੰਪਨੀ ਦੀ ਮਿਹਨਤ ਸਦਕਾ ਪੂਰੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਡੀਸੀ ਮਾਨਸਾ ਤੇ ਤਲਵੰਡੀ ਸਾਬੋ ਪਾਵਰ ਲਿਮਿਟਿਡ ਨੇ ਵਿਦਿਆਰਥੀਆਂ ਦੀ ਮੰਗ ਨੂੰ ਦੇਖਦੇ ਹੋਏ ਆਰਓ ਦਾਨ ਕੀਤਾ ਹੈ। ਇਸ ਮੌਕੇ ਵੇਦਾਂਤਾ ਦੇ ਪ੍ਰੀਤੀ ਰਾਵਤ, ਪ੍ਰੋ. ਚਰਨਜੀਤ ਸਿੰਘ ਸਿੱਧੂ, ਪ੍ਰੋ. ਇੰਦਰਪਾਲ ਕੌਰ, ਪ੍ਰੋ. ਐਮਆਰ ਮਿੱਤਲ, ਪ੍ਰੋ. ਅਮਿਤ ਕਾਂਸਲ, ਪ੍ਰੋ. ਰਵਿੰਦਰ ਸਿੰਘ, ਪ੍ਰੋ. ਅੰਬੇਸ਼ ਭਾਰਦਵਾਜ ਅਤੇ ਵਿਦਿਆਰਥੀ ਹਾਜ਼ਰ ਸਨ।